ਪੰਜਾਬ ਸਰਕਾਰ
ਗ੍ਰਹਿ ਮਾਮਲੇ ਤੇ ਨਿਆਂ ਵਿਭਾਗ
(ਜੇਲ੍ਹਾਂ ਸਾਖਾ)

ਸੇਵਾ ਵਿਖੇ

ਡਾਇਰੈਕਟਰ ਜਨਰਲ ਆਫ ਪੁਲਿਸ, ਜੇਲ੍ਹਾਂ,
ਪੰਜਾਬ, ਚੰਡੀਗੜ੍ਹ।

ਮੀਮੋ ਨੰ: 12/24/2008-4ਜੇ/1379
ਮਿਤੀ, ਚੰਡੀਗੜ੍ਹ: 15/5/08

ਵਿਸ਼ਾ:- ਕੈਦੀਆਂ ਨੂੰ ਉਨ੍ਹਾਂ ਦੇ ਫੈਮਿਲੀ ਮੈਂਬਰ ਦੀ ਮੌਤ ਉਪਰ ਤੁਰੰਤ ਛੁੱਟੀ ਦੇਣ ਬਾਰੇ।

*****

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਸਰਕਾਰ ਵਲੋਂ ਨੰਬਰ ਐਸ.ਓ./ਪੀ.ਏ.11/62/8-3-78 ਮਿਤੀ 6 ਜੁਲਾਈ 1978 ਰਾਹੀਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਕਿਸੇ ਕੈਦੀ ਦੇ ਫੈਮਿਲੀ ਮੈਂਬਰ ਦੀ ਮ੍ਰਿਤੂ ਜਾਂ ਗੰਭੀਰ ਬਿਮਾਰ ਹੋਣ ਦੀ ਸੂਰਤ ਵਿੱਚ ਛੁੱਟੀ ਦੇਣ ਦੇ ਅਧਿਕਾਰ ਇੰਸਪੈਕਟਰ ਜਨਰਲ ਜੇਲ੍ਹਾਂ ਅਤੇ ਸੁਪਰਡੈਂਟ ਜੇਲ੍ਹਾਂ ਨੂੰ ਦਿੱਤੇ ਗਏ ਹਨ। ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਅਜਿਹੀ ਮੌਤ ਦੇ ਸਬੰਧ ਵਿੱਚ ਸੰਸਕਾਰ ਜਾਂ ਭੋਗ ਵਿੱਚ ਸਾਮਲ ਹੋਣ ਲਈ ਪੈਰੋਲ ਅਧੀਨ ਛੁੱਟੀ ਮੰਨਜੂਰ ਕਰਾਉਣ ਦਾ ਪੂਰਾ ਸਮਾਂ ਨਹੀਂ ਹੁੰਦਾ, ਜਿਸ ਕਰਕੇ ਅਜਿਹੇ ਕੈਦੀ ਆਪਣੇ ਅਜਿਹੇ ਨੇੜਲੇ ਰਿਸ਼ਤੇਦਾਰਾਂ ਦੀ ਮੌਤ ਤੇ ਉਸ ਦੇ ਸੰਸਕਾਰ/ਭੋਗ ਵਿੱਚ ਸਾਮਲ ਨਹੀਂ ਹੋ ਸਕਦੇ।

3. ਮਾਨਵਤਾ ਦੇ ਨਜਰੀਏ ਨੂੰ ਮੁੱਖ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ ਅਗਰ ਕੋਈ ਕੈਦੀ ਆਪਣੇ ਕਿਸੇ ਉਪਰੋਕਤ ਸਬੰਧੀ ਦੀ ਮੌਤ ਹੋ ਜਾਣ ਤੇ ਉਸ ਦੇ ਅੰਤਿਮ ਸਸਕਾਰ ਜਾਂ ਭੋਗ (ਦੋਵਾਂ ਵਿਚੋਂ ਕੋਈ ਇੱਕ) ਵਿੱਚ ਸਾਮਲ ਹੋਣਾ ਚਾਹੁੰਦਾ ਹੈ ਤਾਂ ਉਸ ਨੂੰ ਉਸ ਲਈ ਉਸ ਦਿਨ ਦੀ ਛੁੱਟੀ ਸਬੰਧਤ ਸੁਪਰਡੈਂਟ ਜੇਲ੍ਹ ਵਲੋਂ ਦੇ ਦਿੱਤੀ ਜਾਇਆ ਕਰੇ ਅਤੇ ਸੁਪਰਡੈਂਟ ਜੇਲ੍ਹ ਦੀ ਬੇਨਤੀ ਤੇ ਜਿਲ੍ਹੇ ਦੇ ਪੁਲਿਸ ਮੁਖੀ ਵਲੋਂ ਕੈਦੀ ਦੇ ਨਾਲ ਗਾਰਦ ਭੇਜੀ ਜਾਇਆ ਕਰੇ। ਇਸ ਫੈਸਲੇ ਦੀ ਪਾਲਣਾ ਕਰਨ ਲਈ, ਸਮੂਹ ਸੁਪਰਡੈਂਟ ਜੇਲ੍ਹਾਂ ਨੂੰ ਹਦਾਇਤਾਂ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ।

4. ਇਸ ਤੋਂ ਇਲਾਵਾ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਕੈਦੀ ਦੇ ਦਾਦਾ-ਦਾਦੀ ਅਤੇ ਪੋਤਰਾ-ਪੋਤਰੀ ਨੂੰ ਪੰਜਾਬ ਗੁਡ ਕੰਡਕਟ ਪ੍ਰਿਜਨਰਜ (ਟੈਂਪਰੇਰੀ) ਰਲੀਜ ਐਕਟ 1962 ਦੇ ਸੈਕਸ਼ਨ-2 (ਬੀ) ਵਿੱਚ ਦਰਜ ਫੈਮਲੀ ਦੀ ਪ੍ਰੀਭਾਸਾ ਵਿੱਚ ਸਾਮਲ ਕਰਨ ਲਈ ਐਕਟ ਵਿੱਚ ਸੋਧ ਕਰਨ ਲਈ ਤਜਵੀਜ ਸਰਕਾਰ ਨੂੰ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ।

ਸੁਪਰਡੈਂਟ

ਨੰ: 12/24/2008-4ਜੇ/ ਮਿਤੀ, ਚੰਡੀਗੜ੍ਹ

ਇਸ ਦਾ ਇੱਕ ਉਤਾਰਾ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਪੁਲਿਸ ਜਿਲ੍ਹਾ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਜਦੋਂ ਵੀ ਸੁਪਰਡੈਂਟ ਜੇਲ੍ਹ ਵਲੋਂ ਇਸ ਮੰਤਵ ਲਈ ਪੁਲਿਸ ਗਾਰਦ ਦੀ ਮੰਗ ਕੀਤੀ ਜਾਵੇ ਤਾਂ ਇਹ ਉਪਲਬਧ ਕਰਾਉਣ ਨੂੰ ਯਕੀਨੀ ਬਣਾਉਣ।

ਸੁਪਰਡੈਂਟ